BC CANCER LUNG SCREENING
Provincial Health Services Authority

# ਤੁਹਾਡੇ ਫੇਫੜਿਆਂ ਦੇ ਟੈੱਸਟ ਤੋਂ ਬਾਅਦ

ਟੈੱਸਟ ਦੇ ਨਤੀਜਿਆਂ ਅਤੇ ਸਿਗਰਟਾਂ ਛੱਡਣ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

***ਤੁਹਾਡੇ ਫੇਫੜਿਆਂ ਦੇ ਟੈੱਸਟ ਤੋਂ ਬਾਅਦ, ਰੇਡਿਓਲੋਜਿਸਟ ਤੁਹਾਡੇ ਸਕੈਨ ਉੱਪਰ ਚਟਾਕ (ਸਪੌਟਸ) ਦੇਖਦਾ ਹੈ, ਜਿਨ੍ਹਾਂ ਨੂੰ ਨੌਜ਼ਲਜ਼ ਵੀ ਆਖਿਆ ਜਾਂਦਾ ਹੈ।***

ਇਹ ਚਟਾਕ ਟਿਸ਼ੂ ਦੀਆਂ ਛੋਟੀਆਂ ਗਿਲਟੀਆਂ ਵੱਲ ਇਸ਼ਾਰਾ ਕਰਦੇ ਹਨ ਜਿਹੜੇ ਬਹੁਤ ਸਾਰੇ ਲੋਕਾਂ ਦੇ ਹੁੰਦੀਆਂ ਹਨ। ਤੁਹਾਡੇ ਫੇਫੜੇ ਦਾ ਸਕੈਨ ਇਕੱਲਾ ਸਾਨੂੰ ਇਹ ਨਹੀਂ ਦੱਸ ਸਕਦਾ ਕਿ ਕੀ ਇਹ ਚਟਾਕ, ਨਿਸ਼ਾਨ (ਸਕਾਰਜ਼) ਹਨ, ਸੋਜਸ਼ ਵਾਲੀਆਂ ਥਾਂਵਾਂ ਹਨ, ਜਾਂ ਤੁਹਾਡੇ ਫੇਫੜਿਆਂ ਵਿਚ ਕੈਂਸਰ ਹਨ।
ਤੁਹਾਡੇ ਅਗਲੇ ਕਦਮਾਂ ਦਾ ਫੈਸਲਾ, ਤੁਹਾਡੇ ਫੇਫੜਿਆਂ ਦੇ ਟੈੱਸਟ ਦੌਰਾਨ ਲੱਭੇ ਕੋਈ ਹੋਰ ਚਟਾਕਾਂ ਦੇ ਆਕਾਰ ਅਤੇ ਦਿੱਖ ਮੁਤਾਬਕ ਅਤੇ ਤੁਹਾਡੇ ਸਕੈਨ ਉੱਪਰ ਰੇਡਿਓਲੋਜਿਸਟ ਵਲੋਂ ਦੇਖੇ ਗਏ ਹੋਰ ਵੇਰਵਿਆਂ ਮੁਤਾਬਕ ਕੀਤਾ ਜਾਂਦਾ ਹੈ।

## ਫੇਫੜਿਆਂ ਦੇ ਟੈੱਸਟ ਦੀ ਪੈਰਵੀ ਦੇ ਹਿੱਸੇ ਵਜੋਂ ਮੇਰੇ ਕਿਸ ਕਿਸਮ ਦੇ ਟੈੱਸਟ ਹੋਣਗੇ?

ਫੇਫੜਿਆਂ ਦੇ ਟੈੱਸਟ ਦੀ ਪੈਰਵੀ ਵਿਚ ਤੁਹਾਡੇ ਫੇਫੜਿਆਂ ਦੀਆਂ ਹੋਰ ਤਸਵੀਰਾਂ ਲੈਣਾ, ਫੇਫੜੇ ਦੀ ਬਾਇਓਪਸੀ (ਜਿੱਥੇ ਫੇਫੜੇ ਦੇ ਟਿਸ਼ੂ ਦਾ ਇਕ ਛੋਟਾ ਨਮੂਨਾ ਕੱਢਿਆ ਜਾਂਦਾ ਹੈ ਤਾਂ ਜੋ ਇਸ ਨੂੰ ਜ਼ਿਆਦਾ ਨੇੜੇ ਤੋਂ ਦੇਖਿਆ ਜਾ ਸਕੇ), ਜਾਂ ਸਰਜਰੀ ਸ਼ਾਮਲ ਹੋ ਸਕਦੇ ਹਨ। ਤੁਹਾਡਾ ਪ੍ਰਾਇਮਰੀ ਕੇਅਰ ਪ੍ਰੋਵਾਈਡਰ (ਡਾਕਟਰ) ਤੁਹਾਡੀ ਪੈਰਵੀ ਬਾਰੇ ਜ਼ਿਆਦਾ ਵੇਰਵੇ ਦੱਸ ਸਕਦਾ ਹੈ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ।

## ਇਹ ਜ਼ਰੂਰੀ ਕਿਉਂ ਹੈ ਕਿ ਮੈਂ ਮਿੱਥੇ ਸਮੇਂ ’ਤੇ ਫੇਫੜਿਆਂ ਦੇ ਟੈੱਸਟ ਲਈ ਵਾਪਸ ਆਵਾਂ?

ਫੇਫੜਿਆਂ ਦੀ ਕੈਂਸਰ ਦਾ ਖਤਰਾ ਉਮਰ ਨਾਲ ਵਧ ਜਾਂਦਾ ਹੈ। ਟੈੱਸਟ ਉਦੋਂ ਬਿਹਤਰ ਕੰਮ ਕਰਦਾ ਹੈ ਜਦੋਂ ਤੁਸੀਂ ਇਹ ਦੇਖਣ ਲਈ ਨੇਮ ਨਾਲ ਫੇਫੜੇ ਦੇ ਸਕੈਨ ਕਰਵਾਉਂਦੇ ਹੋ ਕਿ ਕੀ ਤੁਹਾਡੇ ਮੌਜੂਦ ਚਟਾਕਾਂ ਵਿਚ ਤੁਹਾਡੇ ਪਿਛਲੇ ਸਕੈਨ ਤੋਂ ਲੈ ਕੇ ਕੋਈ ਨਵੇਂ ਚਟਾਕ ਆਏ ਹਨ ਜਾਂ ਕੋਈ ਤਬਦੀਲੀਆਂ ਆਈਆਂ ਹਨ। ਭਾਵੇਂ ਤੁਹਾਡੇ ਇਸ ਵੇਲੇ ਕੋਈ ਨਵੇਂ ਚਟਾਕ ਨਹੀਂ ਵੀ ਹਨ, ਇਹ ਭਵਿੱਖ ਵਿਚ ਤੁਹਾਡੇ ਹੋ ਸਕਦੇ ਹਨ। ਇਸ ਕਰਕੇ ਫੇਫੜਿਆਂ ਦੇ ਟੈੱਸਟ ਲਈ ਉਦੋਂ ਵਾਪਸ ਆਉਣਾ ਜ਼ਰੂਰੀ ਹੈ ਜਦੋਂ ਇਹ ਕਰਨ ਦਾ ਤੁਹਾਡਾ ਸਮਾਂ ਹੁੰਦਾ ਹੈ।

## ਜੇ ਤੁਸੀਂ ਇਸ ਵੇਲੇ ਸਿਗਰਟਾਂ ਪੀਂਦੇ ਹੋ ਅਤੇ ਸਿਗਰਟਾਂ ਛੱਡਣਾ ਚਾਹੁੰਦੇ ਹੋ ਤਾਂ ਮਦਦ ਕਰਨ ਵਾਲੇ ਕੁਝ ਵਸੀਲੇ ਇਹ ਹਨ

ਸਿਗਰਟਾਂ ਛੱਡਣਾ ਔਖਾ ਹੋ ਸਕਦਾ ਹੈ। ਪਰ, ਸਿਗਰਟਾਂ ਛੱਡਣ ਨਾਲ ਟੈੱਸਟ ਦੇ ਫਾਇਦੇ ਦੁੱਗਣੇ ਹੋ ਜਾਂਦੇ ਹਨ, ਅਤੇ ਇਹ ਤੁਹਾਡੀ ਸਿਹਤ ਵਿਚ ਵੱਡਾ ਸੁਧਾਰ ਕਰਦਾ ਹੈ। ਸਿਗਰਟਾਂ ਛੱਡਣਾ ਤੰਬਾਕੂ ਨਾਲ ਸੰਬੰਧਿਤ ਹੋਰ ਬੀਮਾਰੀਆਂ ਤੋਂ ਵੀ ਸਿਹਤ ਵਿਚ ਸੁਧਾਰ ਕਰਦਾ ਹੈ ਜਿਵੇਂ ਕਿ ਹਾਰਟ ਅਟੈਕ, ਸਟਰੋਕ ਅਤੇ ਕਰੌਨਿਕ ਔਬਸਟਰੱਕਟਿਵ ਪੁਲਮੋਨੇਰੀ ਡਿਜ਼ੀਜ਼ (ਸੀ ਓ ਪੀ ਡੀ)।

## ਸਿਗਰਟਾਂ ਛੱਡਣ ਦਾ ਪ੍ਰੋਗਰਾਮ

ਬੀ ਸੀ ਦਾ ਸਿਗਰਟਾਂ ਛੱਡਣ ਦਾ ਪ੍ਰੋਗਰਾਮ, ਬੀ ਸੀ ਦੇ ਯੋਗ ਵਸਨੀਕਾਂ ਦੀ ਇਨ੍ਹਾਂ ਚੀਜ਼ਾਂ ਦੀ ਕੀਮਤ ਨੂੰ ਕਵਰ ਕਰਕੇ ਸਿਗਰਟਾਂ ਛੱਡਣ ਵਿਚ ਜਾਂ ਤੰਬਾਕੂ ਵਾਲੀਆਂ ਹੋਰ ਚੀਜ਼ ਦੀ ਵਰਤੋਂ ਬੰਦ ਕਰਨ ਵਿਚ ਮਦਦ ਕਰਦਾ ਹੈ:

| ਨਿਕੋਟੀਨ ਰਿਪਲੇਸਮੈਂਟ ਥੈਰੇਪੀ (ਐੱਨ ਆਰ ਟੀ) ਦੀਆਂ ਵਸਤਾਂ | ਸਿਗਰਟਾਂ ਛੱਡਣ ਲਈ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ |
|---|---|
| ਹਰ ਕਲੰਡਰ ਸਾਲ (ਜਨਵਰੀ ਤੋਂ ਦਸੰਬਰ ਤੱਕ) ਵਿਚ, ਬੀ.ਸੀ. ਦੇ ਯੋਗ ਵਸਨੀਕ ਐੱਨ ਆਰ ਟੀਜ਼ ਨਾਲ ਇਕ ਜਾਰੀ ਰਹਿਣ ਵਾਲਾ ਕੋਰਸ ਲੈ ਸਕਦੇ ਹਨ। ਇਹ ਕੋਰਸ 12 ਹਫਤਿਆਂ (ਲਗਾਤਾਰ 84 ਦਿਨ) ਤੱਕ ਲਈ ਹੋ ਸਕਦਾ ਹੈ। ਐੱਨ ਆਰ ਟੀ ਵਸਤਾਂ ਵਿਚ ਖਾਸ ਨਿਕੋਟੀਨ ਗੱਮਜ਼, ਲੋਜ਼ੈਂਜਿਜ਼, ਅਤੇ ਪੈਚ ਸ਼ਾਮਲ ਹਨ।<br><br>ਤੁਸੀਂ ਐੱਨ ਆਰ ਟੀ ਵਸਤਾਂ ਆਪਣੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨੂੰ ਦੇਖੇ ਬਿਨਾਂ ਲੈ ਸਕਦੇ ਹੋ। ਤੁਹਾਡੇ ਲਈ ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਣਾ ਜ਼ਰੂਰੀ ਨਹੀਂ ਹੈ। ਐੱਨ ਆਰ ਟੀ ਵਸਤਾਂ ਲੈਣ ਲਈ ਆਪਣੀ ਲੋਕਲ ਫਾਰਮੇਸੀ ਵਿਚ ਜਾਉ। ਤੁਹਾਡੇ ਅਤੇ ਫਾਰਮਸਿਸਟ ਦੋਨਾਂ ਲਈ ਇਕ ਡੈਕਲਾਰੇਸ਼ਨ ਫਾਰਮ ’ਤੇ ਦਸਖਤ ਕਰਨਾ ਜ਼ਰੂਰੀ ਹੈ। | ਹਰ ਕਲੰਡਰ ਸਾਲ (ਜਨਵਰੀ ਤੋਂ ਦਸੰਬਰ ਤੱਕ) ਵਿਚ, ਫਾਰਮਾਕੇਅਰ ਇਲਾਜ ਦੇ ਇਕ ਜਾਰੀ ਰਹਿਣ ਵਾਲੇ ਕੋਰਸ ਦੇ ਇਕ ਹਿੱਸੇ ਨੂੰ ਕਵਰ ਕਰੇਗੀ। ਇਹ ਕੋਰਸ 12 ਹਫਤਿਆਂ (ਲਗਾਤਾਰ 84 ਦਿਨ) ਤੱਕ ਲਈ ਹੋ ਸਕਦਾ ਹੈ।<br><br>ਇਸ ਚੀਜ਼ ਬਾਰੇ ਆਪਣੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ ਕਿ ਕੀ ਪਰਚੀ ਨਾਲ ਮਿਲਣ ਵਾਲੀਆਂ ਸਿਗਰਟਾਂ ਛੱਡਣ ਲਈ ਦਵਾਈਆਂ ਤੁਹਾਡੇ ਲਈ ਠੀਕ ਹਨ। ਤੁਹਾਡੀ ਮੈਡੀਕਲ ਹਿਸਟਰੀ ਮੁਤਾਬਕ, ਤੁਹਾਡਾ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਤੁਹਾਡੇ ਲਈ ਲਿਖ ਕੇ ਦੇ ਸਕਦਾ ਹੈ, ਜਾਂ ਤੁਹਾਨੂੰ ਨਿਕੋਟੀਨ ਰਿਪਲੇਸਮੈਂਟ ਥੈਰੇਪੀ ਜਾਂ ਸਿਗਰਟਾਂ ਛੱਡਣ ਦੀ ਕੋਈ ਹੋਰ ਪਲੈਨ ਵਰਤ ਦੇ ਦੇਖਣ ਦਾ ਸੁਝਾਅ ਦੇ ਸਕਦਾ ਹੈ। |

ਬੀ ਸੀ ਦੇ ਸਿਗਰਟਾਂ ਛੱਡਣ ਦੇ ਪ੍ਰੋਗਰਾਮ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਇਸ ਵੈੱਬਸਾਈਟ ’ਤੇ ਜਾਉ: www.healthlinkbc.ca.

## ਸਿਗਰਟਾਂ ਛੱਡਣ ਵਿਚ ਤੁਹਾਡੀ ਮਦਦ ਲਈ ਹੋਰ ਵਸੀਲੇ

| | |
|---|---|
| **ਕੁਇਟਨਾਓ:** ਇਹ ਇਕ ਮੁਫਤ ਪ੍ਰੋਗਰਾਮ ਹੈ ਜੋ ਕਿ ਉਨ੍ਹਾਂ ਲੋਕਾਂ ਲਈ ਟੈਲੀਫੋਨ ’ਤੇ ਕੌਂਸਲਿੰਗ ਦਿੰਦਾ ਹੈ ਜਿਹੜੇ ਸਿਗਰਟਾਂ ਛੱਡਣਾ ਚਾਹੁੰਦੇ ਹਨ, ਜਾਂ ਤੰਬਾਕੂ ਅਤੇ ਈ-ਸਿਗਰੇਟ ਦੀ ਵਰਤੋਂ ਘਟਾਉਣਾ ਚਾਹੁੰਦੇ ਹਨ। ਕੁਇਟਨਾਉ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੀ ਤਰਫੋਂ ਬੀ ਸੀ ਲੰਗ ਫਾਉਂਡੇਸ਼ਨ ਵਲੋਂ ਦਿੱਤਾ ਜਾਂਦਾ ਹੈ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਇਸ ਵੈੱਬਸਾਈਟ ’ਤੇ ਜਾਉ: www.quitnow.ca. | **ਰਿਸਪੈਕਟਿੰਗ ਟੋਬਾਕੋ:** ਫਸਟ ਨੇਸ਼ਨਜ਼ ਹੈਲਥ ਅਥਾਰਟੀ ਨੇ ਤੰਬਾਕੂ ਦੀ ਰਵਾਇਤੀ ਅਤੇ ਗੈਰ-ਰਵਾਇਤੀ ਵਰਤੋਂ ਅਤੇ ਕਮਰਸ਼ੀਅਲ ਤੰਬਾਕੂ ਦੀ ਵਰਤੋਂ ਛੱਡਣ ਵਿਚ ਮਦਦ ਅਤੇ ਹਿਮਾਇਤ ਕਰਨ ਵਾਲੇ ਵਸੀਲੇ ਤਿਆਰ ਕੀਤੇ ਹਨ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ www.fnha.ca/respectingtobacco ’ਤੇ ਜਾਉ। |

## ਆਪਣੇ ਨਤੀਜਿਆਂ ਨੂੰ ਸਮਝਣਾ

| ਫਿਕਰ ਕਰਨ ਵਾਲੇ ਕੋਈ ਨਤੀਜੇ ਨਹੀਂ | ਕੈਂਸਰ ਦਾ ਘੱਟ ਚਾਂਸ |
|---|---|
| ਰੇਡਿਓਲੋਜਿਸਟ ਨੇ ਤੁਹਾਡੇ ਸਕੈਨ ਤੋਂ ਕੋਈ ਫਿਕਰ ਵਾਲੀ ਚੀਜ਼ ਨਹੀਂ ਦੇਖੀ, ਪਰ ਤੁਹਾਡੀ ਉਮਰ ਵਧਣ ਮੁਤਾਬਕ ਤਬਦੀਲੀਆਂ ’ਤੇ ਨਿਗਰਾਨੀ ਰੱਖਣ ਲਈ ਨੇਮ ਨਾਲ ਟੈੱਸਟ ਜ਼ਰੂਰੀ ਹੈ।<br>**ਅਗਲੇ ਕਦਮ:** ਦੋ ਸਾਲਾਂ ਵਿਚ ਜਦੋਂ ਦੁਬਾਰਾ ਟੈੱਸਟ ਕਰਨ ਦਾ ਸਮਾਂ ਆਇਆ ਤਾਂ ਤੁਹਾਨੂੰ ਯਾਦ ਕਰਵਾਉਣ ਲਈ ਚਿੱਠੀ ਮਿਲੇਗੀ। | ਰੇਡਿਓਲੋਜਿਸਟ ਤੁਹਾਨੂੰ ਫੇਫੜਿਆਂ ਦੀ ਕੈਂਸਰ ਹੋਣ ਦਾ ਘੱਟ ਚਾਂਸ ਸਮਝਦਾ ਹੈ, ਪਰ ਆਪਣੇ ਫੇਫੜਿਆਂ ’ਤੇ ਲਗਾਤਾਰ ਨਿਗਰਾਨੀ ਰੱਖਣ ਦੀ ਸਿਫਾਰਸ਼ ਕਰਦਾ ਹੈ।<br>**ਅਗਲੇ ਕਦਮ:** ਇਕ ਸਾਲ ਵਿਚ ਜਦੋਂ ਦੁਬਾਰਾ ਟੈੱਸਟ ਕਰਨ ਦਾ ਸਮਾਂ ਆਇਆ ਤਾਂ ਤੁਹਾਨੂੰ ਯਾਦ ਕਰਵਾਉਣ ਲਈ ਚਿੱਠੀ ਮਿਲੇਗੀ। |
| ਹੋਰ ਟੈੱਸਟਾਂ ਦੀ ਲੋੜ ਹੈ | ਪੈਰਵੀ ਦੀ ਲੋੜ ਹੈ |
| ਰੇਡਿਓਲੋਜਿਸਟ ਨੇ ਤੁਹਾਡੇ ਸਕੈਨ ਤੋਂ ਕੁਝ ਅਜਿਹੇ ਨਤੀਜੇ ਦੇਖੇ ਹਨ ਜਿਹੜੇ ਸੋਜ, ਇਨਫੈਕਸ਼ਨ ਨਾਲ ਸੰਬੰਧਿਤ ਹੋ ਸਕਦੇ ਹਨ ਜਾਂ ਕਿਸੇ ਥਾਂ ’ਤੇ ਜ਼ਿਆਦਾ ਨੇੜਿਉਂ ਨਿਗਰਾਨੀ ਰੱਖਣ ਦੀ ਲੋੜ ਹੋ ਸਕਦੀ ਹੈ। ਇਹ ਦੇਖਣ ਲਈ ਅਸੀਂ ਦੁਬਾਰਾ 3 ਮਹੀਨਿਆਂ ਵਿਚ ਚੈੱਕ ਕਰਨਾ ਚਾਹਾਂਗੇ ਕਿ ਕੀ ਕੋਈ ਤਬਦੀਲੀਆਂ ਹੋਈਆਂ ਹਨ।<br>**ਅਗਲੇ ਕਦਮ:** ਪੈਰਵੀ ਲਈ ਐੱਲ ਡੀ ਸੀ ਟੀ ਸਕੈਨ ਕਰਨ ਲਈ ਤੁਹਾਡੇ ਨਾਲ 3 ਮਹੀਨਿਆਂ ਵਿਚ ਸੰਪਰਕ ਕੀਤਾ ਜਾਵੇਗਾ। | ਤੁਹਾਡੇ ਫੇਫੜਿਆਂ ਦੇ ਸਕੈਨ ਨੇ ਕੁਝ ਚਟਾਕ ਦਿਖਾਏ ਹਨ ਜਿਨ੍ਹਾਂ ਦੀ ਅੱਗੇ ਪੜਤਾਲ ਕਰਨ ਦੀ ਲੋੜ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ, ਪਰ ਇਹ ਜ਼ਰੂਰੀ ਹੈ ਕਿ ਤੁਸੀਂ ਪੈਰਵੀ ਲਈ ਸਾਰੀਆਂ ਅਪੌਂਇੰਟਮੈਂਟਾਂ ’ਤੇ ਆਉ।<br>**ਅਗਲੇ ਕਦਮ:** ਪੈਰਵੀ ਲਈ ਅਪੌਂਇੰਟਮੈਂਟ ਵਾਸਤੇ ਤੁਹਾਡੇ ਨਾਲ ਛੇਤੀ ਹੀ ਛਾਤੀ ਦੇ ਸਪੈਸ਼ਲਿਸਟ ਵਲੋਂ ਸੰਪਰਕ ਕੀਤਾ ਜਾਵੇਗਾ, ਜਿਸ ਵਿਚ ਹੋਰ ਸਕੈਨ ਜਾਂ ਬਾਇਓਪਸੀ ਕਰਨਾ ਸ਼ਾਮਲ ਹੋ ਸਕਦੇ ਹਨ। |
| ਨਤੀਜੇ ਫੇਫੜਿਆਂ ਦੀ ਕੈਂਸਰ ਨਾਲ ਸੰਬੰਧਿਤ ਨਹੀਂ ਹਨ | |
| ਤੁਹਾਡੇ ਫੇਫੜਿਆਂ ਦੇ ਸਕੈਨ ਨੇ ਅਜਿਹੇ ਨਤੀਜੇ ਦਿਖਾਏ ਹਨ ਜਿਹੜੇ ਕੈਂਸਰ ਨਾਲ ਸੰਬੰਧਿਤ ਨਹੀਂ ਹਨ ਪਰ ਪੈਰਵੀ ਦੀ ਮੰਗ ਕਰਦੇ ਹਨ।<br>**ਅਗਲੇ ਕਦਮ:** ਤੁਹਾਡਾ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਪੈਰਵੀ ਲਈ ਤੁਹਾਡੇ ਨਾਲ ਸੰਪਰਕ ਕਰੇਗਾ। | |

## ਕੀ ਤੁਹਾਨੂੰ ਪਤਾ ਹੈ?

ਤੁਹਾਡੇ ਫੇਫੜਿਆਂ ਦੇ ਇਲਾਵਾ, ਤੁਹਾਡਾ ਸਕੈਨ ਆਲੇ ਦੁਆਲੇ ਦੀਆਂ ਥਾਂਵਾਂ ਵਿਚ ਵੱਖਰਾਪਨ (ਐਬਨੌਰਮੈਲਟੀਜ਼) ਦਿਖਾ ਸਕਦਾ ਹੈ, ਜਿਵੇਂ ਕਿ ਤੁਹਾਡਾ ਦਿਲ। ਜੇ ਉਨ੍ਹਾਂ ਥਾਂਵਾਂ ਵਿਚ ਕੋਈ ਵੀ ਅਸਾਧਾਰਨ ਚੀਜ਼ ਲੱਭਦੀ ਹੈ ਤਾਂ ਤੁਹਾਡੇ ਨਤੀਜੇ ਤੁਹਾਡੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨੂੰ ਭੇਜੇ ਜਾਣਗੇ ਜੋ ਇਹ ਫੈਸਲਾ ਕਰੇਗਾ ਕਿ ਕੀ ਤੁਹਾਨੂੰ ਹੋਰ ਟੈੱਸਟਾਂ ਦੀ ਲੋੜ ਹੈ ਜਾਂ ਨਹੀਂ।

## ਜੇ ਮੇਰੇ ਵਿਚ ਨਿਸ਼ਾਨੀਆਂ ਹੋਣ ਤਾਂ ਕੀ ਹੋਵੇਗਾ?

ਜੇ ਤੁਸੀਂ ਇਹ ਸੋਚਦੇ ਹੋਵੋ ਕਿ ਤੁਹਾਡੇ ਵਿਚ ਇਹ ਨਿਸ਼ਾਨੀਆਂ ਹਨ ਤਾਂ ਫੌਰਨ ਆਪਣੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ:

- ਖੰਘ ਜਿਹੜੀ ਹਟ ਨਹੀਂ ਰਹੀਂ ਜਾਂ ਵਧ ਗਈ ਹੈ;
- ਖੰਘਣ ਨਾਲ ਖੂਨ ਜਾਂ ਜ਼ੰਗਾਲ ਰੰਗਾ ਖੰਘਾਰ (ਥੁੱਕ ਜਾਂ ਬਲਗਮ) ਆ ਰਿਹਾ ਹੈ;
- ਸਾਹ ਚੜ੍ਹਨਾ ਜਾਂ ਛਾਤੀ ਵਿਚ ਦਰਦ ਜੋ ਕਿ ਸਦਾ ਮਹਿਸੂਸ ਹੁੰਦੇ ਹਨ ਅਤੇ ਡੂੰਘੇ ਸਾਹ ਲੈਣ ਜਾਂ ਖੰਘਣ ਨਾਲ ਬਦਤਰ ਹੋ ਰਹੇ ਹਨ

## ਸਾਡੇ ਨਾਲ ਸੰਪਰਕ ਕਰੋ

BC Cancer Lung Screening
801-686 West Broadway Vancouver, BC V5Z 1G1
ਫੋਨ: 1-877-717-5864
ਈਮੇਲ: screening@bccancer.bc.ca
ਵੈੱਬ: www.screeningbc.ca/lung

ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਰੱਖਿਆ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਨਾਜ਼ਾਇਜ਼ ਵਰਤੋਂ ਅਤੇ ਭੇਦ ਖੋਲ੍ਹਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਉਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਹ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਵਰਤੀ ਜਾਵੇਗੀ ਅਤੇ ਇਲਾਜ ਕਰਨ ਵਿਚ ਸ਼ਾਮਲ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੰਗ ਕਰਦਾ ਹੋਵੇ ਉਦੋਂ ਦਿੱਤੀ ਜਾਵੇਗੀ। ਬੀ ਸੀ ਕੈਂਸਰ ਵਲੋਂ ਜਾਣਕਾਰੀ ਇਕੱਠੀ ਕਰਨ ਨਾਲ ਸੰਬੰਧਿਤ ਕੋਈ ਵੀ ਸਵਾਲ, ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca) ਤੋਂ ਪੁੱਛੇ ਜਾ ਸਕਦੇ ਹਨ।